# ਕਿਰਤ ਵਿਭਾਗ ਪੰਜਾਬ

# ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ

**ਲਾਭਪਾਤਰੀ ਕੌਣ ਬਣ ਸਕਦਾ ਹੈ?**

**ਹਰੇਕ ਕਿਰਤੀ ਬੋਰਡ ਦਾ ਲਾਭਪਾਤਰੀ ਬਣ ਸਕਦਾ ਹੈ ਜੇਕਰ ਉਹ:-**

- ਰਾਜ ਮਿਸਤਰੀ/ਇੱਟਾ/ਸੀਮਿੰਟ ਪਕੜਾਉਣ ਵਾਲੇ ਮਜ਼ਦੂਰ, ਪਲੰਬਰ, ਤਰਖਾਣ, ਵੈਲਡਰ, ਇਲੈਕਟ੍ਰੀਸ਼ਨ, ਸੀਵਰਮੈਨ, ਮਾਰਬਲ/ਟਾਇਲਾਂ ਲਗਾਉਣ ਵਾਲੇ, ਫਰਸ਼ ਰਗੜਾਈ ਵਾਲੇ, ਪੇਂਟਰ, ਪੀ.ਓ.ਪੀ. ਕਰਨ ਵਾਲੇ, ਸੜਕਾ ਬਣਾਉਣ, ਉਸਾਰੀ ਕੰਮ ਨਾਲ ਸਬੰਧਤ ਤਕਨੀਕੀ/ ਕਲੈਰੀਕਲ ਕੰਮ ਆਦਿ ਕਰਨ ਵਾਲੇ ਹੋ ਅਤੇ ਕਿਸੇ ਸਰਕਾਰੀ ਅਰਧ ਸਰਕਾਰੀ ਜਾ ਪ੍ਰਾਈਵੇਟ ਅਦਾਰੇ ਵਿੱਚ ਇਮਾਰਤਾਂ, ਸੜਕਾਂ ਨਹਿਰਾਂ, ਬਿਜਲੀ ਦੇ ਉਤਪਾਦਨ ਵੰਡ, ਸਿੰਚਾਈ, ਪਾਣੀਆਂ ਦੀ ਵੰਡ ਜਾ ਨਿਕਾਸੀ, ਟੈਲੀਫੋਨ, ਤਾਰ, ਰੇਡੀਓ, ਰੇਲ, ਹਵਾਈ ਅੱਡੇ ਆਦਿ ਵਿਖੇ ਉਸਾਰੀ ਮੁਰੰਮਤ, ਰੱਖ ਰਖਾਵ ਜਾ ਤੋੜਫੋੜ ਦੇ ਕੰਮ ਲਈ ਕੁਸ਼ਲ, ਅਰਧ-ਕੁਸ਼ਲ ਕਾਰੀਗਰ ਜਾਂ ਸੁਪਰਵਾਈਜ਼ਰ ਦੇ ਤੋਰ ਤੇ ਤਨਖਾਹ ਜਾਂ ਮਿਹਨਤਾਨਾ ਲੈਕੇ ਕੰਮ ਕਰਦਾ ਹੈ, ਭੱਠਿਆਂ ਤੇ ਪਥੇਰ, ਕੱਚੀ ਇੱਟ ਦੀ ਭਰਾਈ ਕਰਨ, ਟੈਂਟ ਲਗਾਉਣ ਦਾ ਕੰਮ, ਹੋਰਡਿੰਗ, ਬੈਂਨਰ ਬਣਾਉਣ ਦਾ ਕੰਮ ਅਤੇ ਮਨਰੇਗਾ ਸਕੀਮ ਦੀ ਉਸਾਰੀ ਦਾ ਕੰਮ ਕਰਦਾ ਹੋਵੇ;
- ਜੇਕਰ ਉਸ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੈ ਅਤੇ ਪਿਛਲੇ 12 ਮਹੀਨਿਆਂ ਦੋਰਾਨ ਪੰਜਾਬ ਵਿੱਚ 90 ਦਿਨ ਬਤੌਰ ਉਸਾਰੀ ਕਿਰਤੀ (ਮਨਰੇਗਾ ਕਿਰਤੀ ਵਜੋ ਉਸਾਰੀ ਕੰਮਾਂ ਵਿਚ ਸਾਲ ਦੋਰਾਨ 50 ਦਿਨ) ਕੰਮ ਕੀਤਾ ਹੋਵੇ;
- ਨਿਰਧਾਰਤ ਫਾਰਮ ਨੰ: 28 ਵਿੱਚ ਆਪਣੀ ਅਰਜ਼ੀ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਜਾਂ ਕਿਰਤ ਇੰਸਪੈਕਟਰ ਨੂੰ ਦੇਵੇ ਜਿਸ ਨਾਲ 25/- ਰੁ: ਰਜਿਸਟ੍ਰੇਸ਼ਨ ਫੀਸ (ਕੇਵਲ ਇਕ ਵਾਰ ), ਅੰਸ਼ਦਾਨ 10/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ, ਆਧਾਰ ਕਾਰਡ ਕੀ ਕਾਪੀ ਅਤੇ ਬੈਂਕ ਡਿਟੇਲ ਆਦਿ ਲਗਾਈ ਹੋਵੇ।

## ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪ੍ਰੀਵਾਰ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ

## ਵਿਅਕਤੀਗਤ ਲਾਭ ਸਕੀਮਾ

1. **ਵਜੀਫਾ ਸਕੀਮ**: ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਲਈ ਪਹਿਲੀ ਕਲਾਸ ਤੋਂ ਡਿਗਰੀ ਕਲਾਸਾਂ ਅਤੇ ਉਚੇਰੀ ਸਿਖਿੱਆ ਲਈ ਰੁ. 3,000/- ਤੋਂ ਲੈਕੇ 70,000/- ਰੁ. ਸਾਲਾਨਾ ਵਜੀਫਾ ਸਕੀਮ।

ਨੋਟ:- ਜੇਕਰ ਲਾਭਪਾਤਰੀ ਵਜੀਫਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

2. **ਐਲ.ਟੀ.ਸੀ ਸਕੀਮ:** ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਧਾਰਮਿਕ/ਇਤਿਹਾਸਿਕ/ਹੋਮਟਾਊਨ ਜਾਣ ਲਈ 2,000/- ਰੁਪਏ ਦੀ ਐਲ.ਟੀ.ਸੀ. ਦੀ ਰਾਸ਼ੀ ਹਰ ਦੋ ਸਾਲ ਬਾਅਦ ਦਿੱਤੀ ਜਾਂਦੀ ਹੈ।

3. **ਐਕਸਗ੍ਰੇਸ਼ੀਆ ਸਕੀਮ:-**

**ੳ) ਜਿਹੜੇ ਕੇਸਾਂ ਵਿਚ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਹੈਲਥ ਕਾਰਡ ਨਹੀਂ ਹੈ, ਨੂੰ ਦਿੱਤੀ ਜਾਣ ਵਾਲੀ ਰਾਸ਼ੀ:-**

**(i)** ਦੁਰਘਟਨਾ ਦੋਰਾਨ ਮੌਤ ਹੋਣ ਤੇ 4.00 ਲੱਖ ਰੁਪਏ।

**(ii)** ਕੁਦਰਤੀ ਮੌਤ ਹੋਣ ਦੀ ਸੂਰਤ ਵਿਚ 3 ਲੱਖ ਰੁਪਏ।

**(iii)** ਪੂਰਨ (100%) ਅਪੰਗ ਹੋਣ ਦੀ ਸੂਰਤ ਵਿਚ 4.00 ਲੱਖ ਰੁਪਏ।

**(iv)** ਆਂਸ਼ਿਕ ਅਪੰਗਤਾ ਹੋਣ ਤੇ ਪੰਜੀਕ੍ਰਿਤ ਲਾਭਪਾਤਰੀ ਇਸ ਸਕੀਮ ਤਹਿਤ ਮਿਲਣ ਵਾਲੀ ਰਾਸ਼ੀ ਹਰੇਕ ਇਕ ਪ੍ਰਤੀਸ਼ਤ ਅਪੰਗਤਾ ਦੀ ਰਾਸ਼ੀ 4000/- ਰੁਪਏ ਹੋਵੇਗੀ ਜ਼ੋ 4 ਲੱਖ ਤੱਕ ਜਾ ਸਕਦੀ ਹੈ।

**ਅ) ਜਿਹੜੇ ਕੇਸਾਂ ਵਿਚ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਹੈਲਥ ਕਾਰਡ ਬਣੇ ਹੋਏ ਹਨ, ਨੂੰ ਦਿੱਤੀ ਜਾਣ ਵਾਲੀ ਰਾਸ਼ੀ:-**

**(i)** ਪੰਜੀਕ੍ਰਿਤ ਲਾਭਪਾਤਰੀ ਦੀ ਪੂਰਨ (100%) ਅਪੰਗਤਾ ਹੋਣ ਤੇ ਜਾਂ ਦੁਰਘਟਨਾ ਵਿਚ ਮੌਤ ਹੋਣ ਦੀ ਸੂਰਤ ਵਿਚ 5 ਲੱਖ ਰੁਪਏ ਦੀ ਰਾਸ਼ੀ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਦਿਤੀ ਜਾਂਦੀ ਹੈ।

4. **ਸ਼ਗਨ ਸਕੀਮ:-** ਰਜਿਸਟਰਡ ਉਸਾਰੀ ਕਿਰਤੀਆਂ ਦੀਆਂ 2 ਲੜਕੀਆਂ ਤੱਕ ਦੀ ਸ਼ਾਦੀ ਲਈ ਹਰੇਕ ਲੜਕੀ ਦੀ ਸ਼ਾਦੀ ਦੇ ਮੌਕੇ ਤੇ 31000/- ਰੁਪਏ ਸ਼ਗਨ ਦੀ ਰਾਸ਼ੀ ਦਿਤੀ ਜਾਵੇਗੀ। ਜੇਕਰ ਲੜਕੀ ਖੁਦ ਵੀ ਰਜਿਸਟਰਡ ਲਾਭਪਾਤਰੀ ਹੈ ਤਾਂ ਉਸ ਦੀ ਆਪਣੀ ਸ਼ਾਦੀ ਲਈ ਵੀ ਇਸ ਸਕੀਮ ਅਧੀਨ ਸ਼ਗਨ ਦੀ ਰਾਸ਼ੀ ਦਿਤੀ ਜਾਵੇਗੀ।

ਨੋਟ:- ਜੇਕਰ ਲਾਭਪਾਤਰੀ ਵਜੀਫਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

5. **ਦਾਹ-ਸੰਸਕਾਰ ਅਤੇ ਅੰਤਮ ਕ੍ਰਿਆ-ਕ੍ਰਮ ਲਈ ਵਿੱਤੀ ਸਹਾਇਤਾ:** ਉਸਾਰੀ ਕਿਰਤੀਆਂ ਅਤੇ ਪ੍ਰੀਵਾਰਕ ਮੈਂਬਰਾਂ ਲਈ ਪੰਜਾਬ ਰਾਜ ਵਿਚ ਦਾਹ ਸੰਸਕਾਰ ਅਤੇ ਕ੍ਰਿਆ ਕ੍ਰਮ ਕਰਨ ਲਈ 20,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

6. **ਜਨਰਲ ਸਰਜਰੀ:** ਬੋਰਡ ਦੇ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਜਨਰਲ ਸਰਜਰੀ ਸਕੀਮ ਅਧੀਨ 50,000/- ਰੁਪਏ ਤੱਕ ਵਿਤੀ ਸਹਾਇਤਾ।

ਨੋਟ:- ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਨਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ

50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

7. **ਖਰਤਨਾਕ ਬਿਮਾਰੀਆਂ ਲਈ ਵਿੱਤੀ ਸਹਾਇਤਾ: –** ਉਸਾਰੀ ਕੰਮਾਂ ਵਿੱਚ ਲੱਗੇ ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਵਾਸਤੇ ਨਿਰਧਾਰਿਤ 16 ਖਤਰਨਾਕ ਬਿਮਾਰੀਆਂ ਦੇ ਇਲਾਜ ਦੇ ਖਰਚੇ ਸਬੰਧੀ 1,00,000/- ਤੱਕ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਨੋਟ:- ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

8. **ਪ੍ਰਸੂਤਾ ਲਾਭ ਸਕੀਮ:** ਉਸਾਰੀ ਕੰਮਾਂ ਵਿੱਚ ਲੱਗੇ ਪੰਜੀਕ੍ਰਿਤ ਲਾਭਪਾਤਰੀ "ਇਸਤਰੀ ਕਿਰਤੀ" ਨੂੰ ਹਰੇਕ ਜਨੇਪੇ ਦੇ ਸਮੇਂ 21000/- ਰੁਪਏ ਅਤੇ ਪੁਰਸ਼ ਲਾਭਪਾਤਰੀ ਨੂੰ ਉਸਦੀ ਇਸਤਰੀ ਦੇ ਜਨੇਪੇ ਸਮੇਂ 5000/- ਰੁਪਏ ਪ੍ਰਤੀ ਜਨੇਪਾ (ਵੱਧ ਤੋਂ ਵੱਧ ਦੋ ਜਨੇਪਿਆਂ ਲਈ) ਦੇ ਹਿਸਾਬ ਨਾਲ ਪ੍ਰਸੂਤਾ ਲਾਭ ਦਿੱਤਾ ਜਾਂਦਾ ਹੈ।

9. **ਐਨਕ/ਦੰਦ ਅਤੇ ਸੁਣਨਯੰਤਰ ਲਈ ਵਿਤੀ ਸਹਾਇਤਾ ਸਕੀਮ:** ਲਾਭਪਾਤਰੀ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਲਈ ਐਨਕਾਂ, ਦੰਦ ਅਤੇ ਸੁੰਨਣ ਯੰਤਰ ਲਗਾਉਣ ਲਈ ਕ੍ਰਮਵਾਰ (ਰੁ.800/-,5000/- ਅਤੇ 6000/-) ਰੁਪਏ ਦੀ ਵਿੱਤੀ ਸਹਾਇਤਾ।

10. **ਉਸਾਰੀ ਕਿਰਤੀਆਂ ਲਈ ਮੁਫਤ ਸਾਈਕਲ ਸਕੀਮ:-** ਹਰੇਕ ਲਾਭਪਾਤਰੀ ਜੋ ਬੋਰਡ ਪਾਸ ਘੱਟੋ-ਘੱਟ ਇਕ ਸਾਲ ਤੋਂ ਰਜਿਸਟਰਡ ਹੈ, ਨੂੰ ਬੋਰਡ ਵਲੋਂ ਮੁਫਤ ਇਕ ਸਾਈਕਲ ਦਿਤਾ ਜਾਂਦਾ ਹੈ। ਇਹ ਸਾਈਕਲ ਉਸ ਨੂੰ ਹਰ ਪੰਜ ਸਾਲ ਦੀ ਮੈਂਬਰਸ਼ਿਪ ਉਪਰੰਤ ਮਿਲੇਗਾ।

11. **ਉਸਾਰੀ ਕਿਰਤੀਆਂ ਦੇ ਬੱਚਿਆ ਲਈ ਮੁਫਤ ਸਾਈਕਲ ਸਕੀਮ:** ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਪੰਜਾਬ ਰਾਜ ਵਿੱਚ 9ਵੀਂ ਤੋਂ 12ਵੀਂ ਕਲਾਸ ਤੱਕ ਪੜਾਈ ਦੌਰਾਨ ਮੁਫਤ ਸਾਈਕਲ ਦਿੱਤੀ ਜਾਂਦੀ ਹੈ।

**ਨੋਟ:-** ਜੇਕਰ ਲਾਭਪਾਤਰੀ ਵਜੀਫਾ ਸਕੀਮ ਅਧੀਨ ਪੰਜਾਬ ਸਰਕਾਰ ਦੀ ਕਿਸੇ ਹੋਰ ਸੰਸਥਾ ਪਾਸੋਂ ਅਜਿਹਾ ਲਾਭ ਲੈ ਰਿਹਾ ਹੋਵੇ ਤਾਂ ਵੀ ਬੋਰਡ ਪਾਸੋਂ ਅਜਿਹਾ ਲਾਭ ਪ੍ਰਾਪਤ ਕਰ ਸਕਦਾ ਹੈ।

12. **ਮਾਨਸਿਕ ਰੋਗ ਨਾਲ ਪੀੜਤ ਬੱਚਿਆਂ ਲਈ ਵਿਤੀ ਸਹਾਇਤਾ ਸਕੀਮ:** ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਮਾਨਸਕ ਰੋਗਾਂ ਜਾਂ ਅਪੰਗਤਾ ਨਾਲ ਗ੍ਰਸਤ ਬੱਚਿਆਂ (ਪੁੱਤਰ/ਪੁੱਤਰੀ) ਦੀ ਸਾਂਭ ਸੰਭਾਲ ਵਾਸਤੇ 20,000/- ਰੁਪਏ ਸਾਲਾਨਾ ਵਿਤੀ ਸਹਾਇਤਾ ਸਕੀਮ।

13. **ਔਜ਼ਾਰ ਖਰੀਦਣ (ਟੂਲ ਕਿਟ) ਲਈ ਸਕੀਮ:** ਪੰਜੀਕ੍ਰਿਤ ਉਸਾਰੀ ਕਿਰਤੀਆਂ ਨੂੰ ਟੂਲਜ਼ (ਔਜ਼ਾਰ) ਖ਼੍ਰੀਦਣ ਲਈ 5000/- ਰੁਪਏ ਦੀ ਵਿਤੀ ਸਹਾਇਤਾ ਸਕੀਮ ਬਸ਼ਰਤੇ ਕਿ ਉਸਨੇ ਸਕਿਲ ਅਪਗ੍ਰੇਡੇਸ਼ਨ ਜਾਂ ਆਰ.ਪੀ.ਐਲ ਅਧੀਨ ਟ੍ਰੇਨਿੰਗ ਲਈ ਹੋਵੇ। ਉਸਾਰੀ ਕਿਰਤੀ ਹਰ ਤਿੰਨ ਸਾਲ ਦੀ ਮੈਂਬਰਸ਼ਿਪ ਬਾਦ ਮੁੜ ਟੂਲ ਕਿਟ ਸਕੀਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

14. **ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸਕੀਮ (BPSSBY):-** ਇਸ ਸਕੀਮ ਅਧੀਨ ਲਾਭਪਾਤਰੀ ਅਤੇ ਉਸਦੇ ਪ੍ਰੀਵਾਰ ਦੇ ਮੈਂਬਰਾਂ (ਪ੍ਰੀਵਾਰ ਦੇ ਮੈਂਬਰਾਂ ਦੀ ਗਿਣਤੀ ਨਿਸ਼ਚਿਤ ਨਹੀਂ) ਲਈ ਹਰ ਸਾਲ 50,000/- ਰੁ. ਤੱਕ ਦੇ ਮੁਫਤ ਇਲਾਜ ਦੀ ਸੁਵਿਧਾ ਹੈ ਅਤੇ ਲਾਭਪਾਤਰੀ ਦੀ ਦੁਰਘਟਨਾ ਕਾਰਣ ਮੌਤ ਹੋ ਜਾਣ ਜਾਂ ਪੂਰਨ ਤੋਰ (100%) ਤੇ ਅਪੰਗ ਹੋ ਜਾਣ ਦੀ ਸੂਰਤ ਵਿੱਚ 5.00 ਲੱਖ ਰੁਪਏ ਦੇ ਬੀਮੇ ਦੀ ਸਹੂਲਤ ਵੀ ਦਿਤੀ ਜਾਵੇਗੀ।

## ਗਰੁਪ ਲਾਭ ਸਕੀਮਾ

15. ਸਕਿਲ ਡਿਵੈਲਪਮੈਂਟ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ:- ਬੋਰਡ ਵਲੋਂ ਰਜਿਸਟਰਡ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਤਹਿਤ ਹੇਠ ਲਿਖੇ ਕਦਮ ਚੁੱਕੇ ਗਏ ਹਨ:-

ੳ) ਉਸਾਰੀ ਕਿਰਤੀਆਂ ਦੇ ਜਿਹੜੇ ਬੱਚੇ ਆਈ.ਟੀ.ਆਈ/ਪਾਲੀਟੈਕਨਿਕ ਸੰਸਥਾਵਾਂ ਵਿਚ ਸਕਿਲ ਹੁਨਰ ਪ੍ਰਾਪਤ ਕਰਦੇ ਹਨ ਉਨ੍ਹਾਂ ਦੇ ਪੂਰੇ ਕੋਰਸ ਦੀ ਫੀਸ ਅਤੇ ਉਨ੍ਹਾਂ ਦੀ ਖ਼ੁਰਾਕ ਅਤੇ ਰਿਹਾਇਸ਼ (Boarding/lodging ) ਦਾ ਖਰਚਾ ਬੋਰਡ ਵਲੋਂ ਦਿਤਾ ਜਾਂਦਾ ਹੈ।

ਅ) ਬੋਰਡ ਵਲੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਮੁਹਾਲੀ ਵਿਖੇ 4 ਸਕਿਲ ਡਿਵੈਲਪਮੈਂਟ ਸੈਂਟਰ ਉਸਾਰੇ ਜਾ ਰਹੇ ਹਨ। ਇਨ੍ਹਾਂ ਸਕਿਲ ਡਿਵੈਲਪਮੈਂਟ ਸੈਂਟਰਾਂ ਦੀ ਉਸਾਰੀ ਸਾਲ 2016 ਦੇ ਅੰਤ ਤੱਕ ਹੋਣ ਦੀ ਆਸ ਹੈ। ਇਨ੍ਹਾਂ ਸਕਿਲ ਸੈਂਟਰਾਂ ਤੇ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਕਿਲ ਟ੍ਰੇਨਿੰਗ ਦਿਤੀ ਜਾਵੇਗੀ।

ੲ) ਅਗੇਤੀ ਸਿਖਲਾਈ ਦੀ ਪਛਾਣ (recognition of prior learning ) ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਦੀ ਨਿਗਰਾਨੀ ਅਧੀਨ ਬੋਰਡ ਵਲੋਂ ਉਸਾਰੀ ਕਿਰਤੀਆਂ ਦੀ ਉਸਾਰੀ ਦੀ ਜਗ੍ਹਾਂ ਤੇ ਹੀ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਧਾਣ ਲਈ ਸਕਿਲ ਟ੍ਰੇਨਿੰਗ ਦੇਣ ਦੀ ਸਕੀਮ ਬਣਾਈ ਗਈ ਹੈ। ਇਸ ਤਰੀਕੇ ਨਾਲ ਟ੍ਰੇਨਿੰਗ ਲੈਣ ਵਾਲੇ ਉਸਾਰੀ ਕਿਰਤੀਆਂ ਨੂੰ ਬੋਰਡ ਵਲੋਂ

ਇਸ ਸਕੀਮ ਤਹਿਤ ਪ੍ਰਤੀ ਕਿਰਤੀ 35/- ਰੁਪਏ ਪ੍ਰਤੀ ਘੰਟਾ ਉਤਸਾਹ ਭੱਤਾ ਦਿਤਾ ਜਾਂਦਾ ਹੈ।

16. **ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ:** ਉਸਾਰੀ ਕਿਰਤੀਆਂ ਦੇ ਕੰਮ ਦੀ ਭਾਲ ਲਈ ਖੜੇ ਹੋਣ ਲਈ ਢੁੱਕਵੀਂ ਜਗ੍ਹਾ ਤੇ ਲੇਬਰ ਸ਼ੈਡ-ਕਮ-ਨਾਈਟ ਸ਼ੈਲਟਰ ਬਨਾਣ ਲਈ ਸਕੀਮ।

17. **ਪੈਨਸ਼ਨ ਸਕੀਮ:** ਬੋਰਡ ਦੇ ਲਾਭਪਾਤਰੀਆਂ ਲਈ 60 ਸਾਲ ਦੀ ਉਮਰ ਅਤੇ 3 ਸਾਲ ਦੀ ਮੈਂਬਰਸ਼ਿਪ ਪੂਰੀ ਕਰਨ ਉਪਰੰਤ 2000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਪ੍ਰਾਵਧਾਨ ਹੈ। ਬੋਰਡ ਵਲੋਂ 1000/- ਰੁਪਏ ਫੈਮਲੀ ਪੈਨਸ਼ਨ ਵੀ ਦਿਤੀ ਜਾਂਦੀ ਹੈ। ਉਸਾਰੀ ਕਿਰਤੀ ਵਲੋਂ ਬੋਰਡ ਪਾਸ ਰਜਿਸਟਰਡ ਹੋਣ ਤੇ ਤੁਰੰਤ ਮੈਂਬਰਸ਼ਿਪ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ।

18. **ਮੋਬਾਈਲ ਲੈਬ ਸਕੀਮ:** ਨਿਰਮਾਣ ਕਾਰਜਾਂ ਵਿੱਚ ਕੰਮ ਕਰਦੇ ਬੋਰਡ ਦੇ ਰਜਿਸਟਰਡ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਸਿਲੀਕਾਸਿਜ਼ ਅਤੇ ਹੋਰ ਬਿਮਾਰੀਆਂ ਦਾ ਪਤਾ ਲਗਾਉਣ ਲਈ ਮੋਬਾਈਲ ਲੈਬ ਸਕੀਮ ਅਤੇ ਜੇਕਰ ਇਹ ਪਤਾ ਲੱਗ ਜਾਂਦਾ ਹੈ ਕਿ ਲਾਭਪਾਤਰੀ ਜਾਂ ਉਸਦਾ ਪ੍ਰੀਵਾਰਕ ਮੈਂਬਰ ਸਿਲੀਕਾਸਜ਼ ਬਿਮਾਰੀ ਦਾ ਸ਼ਿਕਾਰ ਹੈ ਤਾਂ ਉਸ ਦੇ ਇਲਾਜ ਲਈ ਕਿਰਤੀ ਵਲੋਂ ਖਰਚ ਕੀਤੀ 1.50 ਲੱਖ ਰੁਪਏ ਦੀ ਰਾਸ਼ੀ ਦੀ ਬੋਰਡ ਵਲੋਂ ਪ੍ਰਤੀ ਪੂਰਤੀ ਕੀਤੀ ਜਾਵੇਗੀ।

ਨੋਟ:- ਹਰੇਕ ਲਾਭਪਾਤਰੀ ਜੋ ਇਸ ਸਕੀਮ ਅਧੀਨ ਲਾਭ ਉਠਾਣਾ ਚਾਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਧੀਨ ਜਾਰੀ ਹੈਲਥ ਕਾਰਡ ਦੀ ਸਹੂਲਤ ਨਾਲ 50,000/- ਰੁਪਏ ਦਾ ਲਾਭ ਖਤਮ ਕਰਨਾ ਹੋਵੇਗਾ ਤਾਂ ਹੀ ਉਹ ਇਸ ਸਕੀਮ ਅਧੀਨ ਬਾਕੀ ਬਚਦੀ ਰਕਮ ਦਾ ਲਾਭ ਪ੍ਰਾਪਤ ਕਰ ਸਕਦਾ ਹੈ।

19. **ਅਰਬਨ ਹੈਲਥ ਕਿਓਸਕ ਸਕੀਮ:** ਪੰਜਾਬ ਹੈਲਥ ਸੁਸਾਇਟੀ ਵਲੋਂ ਰਾਜ ਵਿੱਚ ਜਿਥੇ ਸਲਮ ਏਰੀਏ ਵਿੱਚ ਉਸਾਰੀ ਕਿਰਤੀਆਂ ਦੀ ਰਿਹਾਇਸ਼ ਜਿਆਦਾ ਹੁੰਦੀ ਹੈ ਉਥੇ ਸਿਹਤ ਵਿਭਾਗ ਦੀ ਮੱਦਦ ਨਾਲ 21 ਅਰਬਨ ਹੈਲਥ ਸੈਂਟਰਾਂ ਨੂੰ ਚਲਾਉਣ ਪ੍ਰਤੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।

20. **ਬਾਲੜੀ ਜਨਮ ਤੋਂਹਫਾ ਸਕੀਮ:** ਇਸ ਸਕੀਮ ਅਧੀਨ ਉਸਾਰੀ ਕਿਰਤੀ ਦੀ ਲੜਕੀ ਦੇ ਜਨਮ ਤੇ 51,000/- ਰੁਪਏ ਦੀ ਰਾਸ਼ੀ ਲੜਕੀ ਦੇ ਨਾਮ ਤੇ ਬੈਂਕ ਵਿੱਚ ਬਤੋਰ ਐਫ.ਡੀ.ਆਰ ਦੀ ਸ਼ਕਲ ਵਿੱਚ ਉਸ ਦੇ ਵਿਆਹ ਦੀ ਉਮਰ ਤੱਕ ਜਮ੍ਹਾ ਰਹੇਗੀ। ਇਹ ਸਹੂਲਤ ਕੇਵਲ ਦੋ ਲੜਕੀਆਂ ਦੇ ਜਨਮ ਤੱਕ ਸੀਮਤ ਹੈ।

21. **ਹਾਉਸਿੰਗ ਸਕੀਮ:** ਬੋਰਡ ਦੇ ਜਿਨ੍ਹਾਂ ਲਾਭਪਾਤਰੀਆਂ ਨੂੰ ਸ਼ਹਿਰੀ ਖੇਤਰ ਵਿਚ ਸ਼ਹਿਰੀ ਵਿਕਾਸ ਅਥਾਰਟੀਜ਼ (ਗਮਾਡਾ, ਗਲਾਡਾ, ਪੁੱਡਾ, ਜੇ.ਡੀ.ਏ, ਪੀ.ਡੀ.ਏ, ਬੀ.ਡੀ.ਏ, ਏ.ਡੀ.ਏ ਆਦਿ) ਵਲੋਂ ਪੰਜਾਬ ਸਰਕਾਰ ਦੀ "Housing for all" ਸਕੀਮ ਤਹਿਤ ਮਕਾਨ ਅਲਾਟ ਕੀਤੇ ਜਾਣਗੇ ਉਨ੍ਹਾਂ ਵਲੋਂ ਮਕਾਨ ਲਈ ਲਏ ਗਏ ਕਰਜੇ ਤੇ ਬਣਦੇ ਵਿਆਜ ਦਾ 1/3 ਹਿੱਸਾ ਬੋਰਡ ਵਲੋਂ ਦਿਤਾ ਜਾਵੇਗਾ।